# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

**ਵੈਨਕੂਵਰ ਇਕਾਈ, ਕਨੇਡਾ**

ਕੁਲਦੀਪ ਸਿੰਘ +1 604 339 7117

ਹਵਾਲਾ : ਵਣ:01

ਮਿਤੀ 20 ਅਕਤੂਬਰ 2019

ਸੇਵਾ ਵਿਖੇ

ਮੁੱਖ ਮੰਤਰੀ ਸਾਹਿਬ
ਪੰਜਾਬ, cmo@punjab.gov.in
ਚੰਡੀਗੜ੍ਹ।

**ਬੇਨਤੀ**: ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਬ ਤੇ ਨਾਨਕਬਾਣੀ (ਪੰਜਾਬੀ) ਦੇ ਸਰਕਾਰੋਂ ਖੁੱਸੇ ਸਤਿਕਾਰ ਨੂੰ ਮੁੜ ਬਹਾਲ ਕਰਨ ਲਈ **ਬੇਨਤੀ**।

ਸਤਿਕਾਰਯੋਗ ਮੁੱਖ ਮੰਤਰੀ ਸਾਹਿਬ।

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਸਾਹਿਬ ਦੇ ਸਿਧਾਂਤਾਂ (ਸਿੱਖਿਆਵਾਂ) ਨੂੰ ਗੰਭੀਰਤਾ ਨਾਲ ਪ੍ਰਚਾਰਿਆ ਜਾ ਰਿਹਾ ਹੈ। ਇਨ੍ਹਾਂ ਵੱਡੇ ਕਾਰਜਾਂ ਲਈ ਪੰਜਾਬ ਸਰਕਾਰ ਨੂੰ ਵਧਾਈ ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਗੁਰੂ ਸਾਹਿਬ ਦਾ ਇੱਕ ਪਵਿੱਤਰ ਵਾਕ, 'ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ', ਜਿਸ ਰਾਹੀਂ ਗੁਰੂ ਸਾਹਿਬ ਨੇ ਉਸ ਸਮੇਂ ਦੀ ਲੋਕਾਈ ਨੂੰ ਆਪਣੀ ਮਾਂ ਬੋਲੀ ਨੂੰ ਵਿਸਾਰ ਦੇਣ ਤੇ ਨਿਹੋਰਾ ਮਾਰਿਆ ਸੀ ਅਤੇ ਆਪਣੀ ਮਾਂ-ਬੋਲੀ (ਪੰਜਾਬੀ) ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਸੀ, ਆਪ ਜੀ ਦੇ ਧਿਆਨ ਵਿਚ ਲਿਆ ਕੇ, ਹੇਠ ਲਿਖੀ ਬੇਨਤੀ ਕਰਦਾ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਨਾਨਕਬਾਣੀ ਸਰਕਾਰ, ਵਪਾਰ, ਪਰਿਵਾਰ ਅਤੇ ਸੱਭਿਆਚਾਰ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ। ਪੰਜਾਬੀ ਦੀ ਥਾਂ ਹਿੰਦੀ ਅਤੇ ਅੰਗਰੇਜ਼ੀ ਧੜੱਲੇ ਨਾਲ ਲੈ ਰਹੀਆਂ ਹਨ।

ਭਾਈਚਾਰਾ ਸਮਝਦਾ ਹੈ ਕਿ ਪੰਜਾਬੀ ਨੂੰ ਲੱਗ ਰਹੇ ਇਸ ਖੋਰੇ ਦਾ ਵੱਡਾ ਕਾਰਨ, (ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਵਾਲੇ, 52 ਸਾਲ ਪਹਿਲਾਂ ਬਣੇ ਪੰਜਾਬ ਰਾਜ ਭਾਸ਼ਾ ਐਕਟ 1967 ਦੇ ਬਾਵਜੂਦ), ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਪੰਜਾਬੀ ਦੇ ਵਿਕਾਸ ਲਈ ਆਪਣੀ ਜ਼ਿੰਮੇਵਾਰੀ ਨਾ ਨਿਭਾਉਣਾ, ਉਲਟਾ ਬੇਰੁਖ਼ੀ ਅਪਣਾਉਣਾ ਹੈ। ਇਸ **ਬੇਰੁਖੀ ਦੀਆਂ ਕੁਝ ਉਦਾਹਰਣਾ ਇਹ ਹਨ:**

**ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਦੀ ਅਣਦੇਖੀ ਅਤੇ ਇਸਦੇ ਮਾਰੂ ਪ੍ਰਭਾਵ**

(1). ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ ਅਤੇ ਅਦਾਰਿਆਂ ਵਿਚ ਹੁੰਦਾ 'ਸਾਰਾ ਦਫ਼ਤਰੀ ਕੰਮ-ਕਾਜ' ਪੰਜਾਬੀ ਵਿਚ ਕਰਨਾ ਜ਼ਰੂਰੀ ਹੈ। ਹੋ ਇਸ ਦੇ ਉਲਟ ਰਿਹਾ ਹੈ। ਬਹੁਤਾ ਕੰਮ-ਕਾਜ ਕੇਵਲ ਅੰਗਰੇਜ਼ੀ ਵਿਚ ਹੁੰਦਾ ਹੈ। ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ, ਜਨਤਾ ਨੂੰ ਆਪਣੇ-ਆਪਣੇ ਵਿਭਾਗ ਦੇ ਕੰਮ-ਕਾਜ ਦੀ ਸੂਚਨਾ ਦੇਣ ਲਈ ਜੋ ਵੈਬਸਾਈਟਾਂ



PUNJABI BHASHA PASAAR BHAICHARA
ਸੰਪਰਕ/Contact : imkuldip@yahoo.com www.punjabibpb.org
ਇਕਾਈ ਸੰਪਰਕ : 10531 #2 Rd Richmond BC V7E2E5

ਬਣਾਈਆਂ ਗਈਆਂ ਹਨ ਉਨ੍ਹਾਂ ਵਿਚੋਂ ਬਹੁਤੀਆਂ ਕੇਵਲ ਅੰਗਰੇਜ਼ੀ ਵਿਚ ਹਨ। ਮਜਬੂਰੀ ਵੱਸ ਜੇ ਕਿਸੇ ਵੈਬਸਾਈਟ ਤੇ ਪੰਜਾਬੀ ਵਰਤੀ ਗਈ ਹੈ ਤਾਂ ਉਹ ਅਸ਼ੁੱਧ ਹੈ।

(2). ਪੰਜਾਬ ਵਿਧਾਨ ਸਭਾ ਵਿਚ ਬਣਦੇ 90 ਫ਼ੀਸਦੀ ਤੋਂ ਵੱਧ ਕਾਨੂੰਨ, ਕੇਵਲ ਅੰਗਰੇਜ਼ੀ ਵਿਚ ਹੁੰਦੇ ਹਨ। ਇਨ੍ਹਾਂ ਕਾਨੂੰਨਾਂ ਦੇ ਪੰਜਾਬੀ ਵਿਚ ਅਨੁਵਾਦ ਤੱਕ ਉਪਲਬਧ ਨਹੀਂ ਕਰਵਾਏ ਜਾਂਦੇ। ਇਸੇ ਤਰ੍ਹਾਂ ਸਰਕਾਰ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਅਧਿਸੂਚਨਾਵਾਂ, 95 ਫ਼ੀਸਦੀ ਦੇ ਲਗਭਗ ਕੇਵਲ ਅੰਗਰੇਜ਼ੀ ਵਿਚ ਹੁੰਦੀਆਂ ਹਨ।

(3). ਕਾਨੂੰਨ ਬਣੇ ਨੂੰ 10 ਸਾਲ ਹੋ ਗਏ ਹਨ ਪਰ ਹਾਲੇ ਤੱਕ ਪੰਜਾਬ ਦੇ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਪ੍ਰਾਪਤ ਨਹੀਂ ਹੋਣ ਲਗਿਆ।

ਇੰਝ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਦੇ ਲਾਗੂ ਨਾ ਹੋਣ ਕਾਰਨ, **ਪੰਜਾਬ ਸਰਕਾਰ ਦੇ ਤਿੰਨੋਂ ਅੰਗਾਂ (ਕਾਰਜਕਾਰਨੀ, ਵਿਧਾਨ ਸਭਾ ਅਤੇ ਨਿਆਂ ਪਾਲਿਕਾ) ਵਿਚੋਂ ਪੰਜਾਬੀ ਅਲੋਪ ਹੋ ਰਹੀ ਹੈ।**

**'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਦੀਆਂ ਵਿਵਸਥਾਵਾਂ ਦੀ ਅਣਦੇਖੀ ਅਤੇ ਇਸਦੇ ਮਾਰੂ ਪ੍ਰਭਾਵ**

'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਰਾਹੀਂ, ਪੰਜਾਬ ਵਿਚ ਸਥਿਤ ਸਾਰੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਏ ਜਾਣ ਦੀ ਵਿਵਸਥਾ ਕੀਤੀ ਗਈ ਸੀ। ਇਸ ਕਾਨੂੰਨ ਦੇ ਅਸਰਦਾਰ ਢੰਗ ਨਾਲ ਲਾਗੂ ਨਾ ਕੀਤੇ ਜਾਣ ਕਾਰਨ, ਬਹੁਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਹੀ ਨਹੀਂ ਜਾਂਦੀ। ਲਗਭਗ ਹਰ ਪ੍ਰਾਈਵੇਟ ਸਕੂਲ ਵਿਚ, ਪੰਜਾਬੀ ਵਿਚ ਗੱਲਬਾਤ ਕਰਨ ਤੇ ਬੱਚਿਆਂ ਨੂੰ ਜੁਰਮਾਨੇ ਕੀਤੇ ਜਾਂਦੇ ਹਨ। ਜਿੱਥੇ ਮਾੜੀ-ਮੋਟੀ ਪੰਜਾਬੀ ਪੜ੍ਹਾਈ ਜਾਂਦੀ ਹੈ ਉੱਥੇ (ਪੰਜਾਬੀ ਭਾਸ਼ਾ ਲਈ ਉੱਚ ਪੱਧਰ ਦੇ ਸਿਲੇਬਸ ਦੇ ਨਿਰਧਾਰਤ ਨਾ ਹੋਣ ਕਾਰਨ) ਪੜ੍ਹਾਈ ਜਾਂਦੀ ਪੰਜਾਬੀ ਦਾ ਪੱਧਰ ਬਹੁਤ ਨੀਵਾਂ ਹੈ।

**ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੇ ਹੋ ਰਹੇ ਇਸ ਨਿਰਾਦਰ ਕਾਰਨ ਹੀ ਪੰਜਾਬ ਦੀ ਨੌਜਵਾਨ ਪੀੜ੍ਹੀ ਅਤੇ ਪਰਿਵਾਰਾਂ ਦਾ ਪੰਜਾਬੀ ਨਾਲੋਂ ਮੋਹ ਭੰਗ ਹੋ ਰਿਹਾ ਹੈ ਅਤੇ ਉਨ੍ਹਾਂ ਦਾ ਝੁਕਾਅ ਹਿੰਦੀ ਅਤੇ ਅੰਗਰੇਜ਼ੀ ਵੱਲ ਹੋ ਰਿਹਾ ਹੈ।**

**ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਚਿੰਤਾ**

ਪੰਜਾਬੀ ਦੇ ਪੰਜਾਬ ਵਿਚ ਤੇਜ਼ੀ ਨਾਲ ਹੋ ਰਹੇ ਇਸ ਉਜਾੜੇ ਤੋਂ ਚਿੰਤਤ, ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਪਿਛਲੇ ਇੱਕ ਸਾਲ ਤੋਂ, ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਚਿੱਠੀ-ਪੱਤਰ ਕਰਕੇ, ਵਿਭਾਗਾਂ ਵੱਲੋਂ 'ਪੰਜਾਬ ਰਾਜ ਭਾਸ਼ਾ ਐਕਟ' ਦੀਆਂ ਵਿਵਸਥਾਵਾਂ ਦੀ ਵੱਡੇ ਪੱਧਰ ਤੇ ਕੀਤੀ ਜਾ ਰਹੀ ਅਣਦੇਖੀ, ਉਨ੍ਹਾਂ ਦੇ ਧਿਆਨ ਵਿਚ ਲਿਆ ਰਿਹਾ ਹੈ। **ਇਹ ਅਣਦੇਖੀਆਂ ਲਗਾਤਾਰ ਆਪ ਜੀ ਦੇ ਧਿਆਨ ਵਿਚ ਵੀ ਲਿਆਂਦੀਆਂ ਜਾ ਰਹੀਆਂ ਹਨ।**

ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ 'ਪੰਜਾਬ ਰਾਜ ਭਾਸ਼ਾ ਐਕਟ 1967' ਅਤੇ 'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਜਾਣਕਾਰੀ ਐਕਟ 2008' ਦੀਆਂ ਧੜੱਲੇਦਾਰੀ ਨਾਲ ਕੀਤੀਆਂ ਜਾ ਰਹੀਆਂ ਉਲੰਘਣਾਵਾਂ ਬਾਰੇ, ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਜੋ ਚਿੱਠੀ ਪੱਤਰ, ਵਿਭਾਗਾਂ ਦੇ ਮੁੱਖੀਆਂ ਅਤੇ ਆਪ ਨਾਲ ਕੀਤਾ ਗਿਆ, ਉਹ ਚਿੱਠੀ ਪੱਤਰ ਅਤੇ ਚਿੱਠੀਆਂ ਵਿਚ ਉਠਾਈਆਂ ਗਈਆਂ ਸਮੱਸਿਆਵਾਂ ਦਾ ਵੇਰਵਾ, ਹਵਾਲੇ ਲਈ ਨੱਥੀ ਕੀਤਾ ਜਾ ਰਿਹਾ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਪੰਜਾਬ ਸਰਕਾਰ ਦਾ ਇਸ ਗੱਲੋਂ ਧੰਨਵਾਦੀ ਵੀ ਹੈ ਕਿ ਭਾਈਚਾਰੇ ਦੀਆਂ ਕੁਝ ਬੇਨਤੀਆਂ ਨੂੰ ਪ੍ਰਵਾਨ ਕਰਕੇ, ਸਰਕਾਰ ਵੱਲੋਂ ਪੰਜਾਬੀ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤੀਆਂ ਗਈਆਂ ਕੁਝ ਨਵੀਆਂ ਹਦਾਇਤਾਂ ਤੇ, ਕੁਝ ਵਿਭਾਗ ਫੁੱਲ ਚੜ੍ਹਾ ਰਹੇ ਹਨ ਅਤੇ ਪੰਜਾਬੀ ਨੂੰ ਬਣਦਾ ਸਤਿਕਾਰ ਦੇਣ ਦੇ

ਯਤਨ ਕਰ ਰਹੇ ਹਨ । ਖ਼ਾਸ ਕਰ ਸਿੱਖਿਆ ਵਿਭਾਗ, ਜਿਸ ਵਲੋਂ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਨੂੰ ਯਕੀਨੀ ਬਨਾਉਣ ਲਈ ਸਖ਼ਤ ਕਦਮ ਪੁੱਟੇ ਜਾ ਰਹੇ ਹਨ।

**ਭਾਈਚਾਰੇ ਦੀ ਬੇਨਤੀ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਇਸ ਪ੍ਰਕਾਸ਼ ਵਰ੍ਹੇ ਵਿਚ, ਉਨ੍ਹਾਂ ਦੇ ਪੈਰੋਕਾਰਾਂ (ਪੰਜਾਬੀਆਂ) ਦੇ ਕੰਨਾਂ ਵਿਚ, ਗੁਰੂ ਸਾਹਿਬ ਵੱਲੋਂ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਨੂੰ ਅਣਡਿੱਠਾ ਕਰਨ ਬਾਰੇ ਦਿੱਤਾ ਉਲਾਂਭਾ, ਉੱਚੀ ਸੁਰ ਵਿਚ ਗੂੰਜਣ ਲੱਗ ਪਿਆ ਹੈ। ਹੁਣ ਦੁਨੀਆ ਭਰ ਵਿਚ ਬੈਠਾ ਹਰ ਪੰਜਾਬੀ ਆਪਣੀ ਮਾਂ ਬੋਲੀ ਦੇ ਵਿਕਾਸ ਅਤੇ ਪਸਾਰ ਲਈ ਤੱਤਪਰ ਹੋਇਆ ਹੋਇਆ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਆਪ ਜੀ ਨੂੰ, ਪੰਜਾਬੀਆਂ ਦੇ ਚੁਣੇ ਹੋਏ ਪ੍ਰਤੀਨਿਧ ਹੋਣ ਦੇ ਨਾਤੇ, ਬੇਨਤੀ ਹੈ ਕਿ ਗੁਰੂ ਸਾਹਿਬ ਦੇ ਇਸ ਫ਼ਰਮਾਨ (ਨਿਹੋਰੇ) ਵਲ ਧਿਆਨ ਦਿੰਦੇ ਹੋਏ, ਮਾਂ ਬੋਲੀ ਦੀ ਮਹੱਤਤਾ ਨੂੰ ਸਮਝਦੇ ਹੋਏ, 52 ਸਾਲ ਪਹਿਲਾਂ, ਪੰਜਾਬ ਸਰਕਾਰ ਨੇ ਨਾਨਕਬਾਣੀ (ਪੰਜਾਬੀ) ਨੂੰ 'ਰਾਜ ਮਾਤਾ' ਦਾ ਦਰਜਾ ਦੇ ਕੇ ਜੋ ਸਤਿਕਾਰ ਦਿੱਤਾ ਸੀ ਉਹ ਸਤਿਕਾਰ ਮੁੜ ਬਹਾਲ ਕੀਤਾ ਜਾਵੇ।

ਉਸਾਰੂ ਹੁੰਘਾਰੇ ਦੀ ਉਡੀਕ ਵਿਚ।

ਪ੍ਰਾਰਥੀ

| | | |
|---|---|---|
| (ਮੋਤਾ ਸਿੰਘ ਝੀਤਾ)<br>ਕਨੇਡਾ | (ਕ੍ਰਿਪਾਲ ਸਿੰਘ ਗਰਚਾ)<br>ਕਨੇਡਾ | (ਕੁਲਦੀਪ ਸਿੰਘ)<br>ਕਨੇਡਾ |
| (ਸਤਨਾਮ ਸਿੰਘ ਜੌਹਲ)<br>ਕਨੇਡਾ | (ਦਵਿੰਦਰ ਸਿੰਘ ਘਟੌੜਾ)<br>ਕਨੇਡਾ | (ਮਿੱਤਰ ਸੈਨ ਮੀਤ)<br>ਪੰਜਾਬ |